# ਦਫਤਰ, ਪ੍ਰਿੰਸੀਪਲ ਸਰਕਾਰੀ ਬਹੁਤਕਨੀਕੀ ਕਾਲਜ, ਰਾਣਵਾਂ (ਫ.ਗ.ਸ)

ਦਫਤਰੀ ਹੁਕਮ ਨੰ: 85 ਮਿਤੀ: 12/5/21

ਇਸ ਦਫਤਰੀ ਹੁਕਮ ਰਾਹੀਂ ਸਾਲ 2021-2022 ਦੇ ਦਾਖਲੇ ਦਾ 100 ਪ੍ਰਤੀਸ਼ਤ ਟੀਚਾ ਸਮੇਂ ਸਿਰ ਪ੍ਰਾਪਤ ਕਰਨ ਲਈ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ। ਜਿਵੇਂ ਕਿ ਸਾਨੂੰ ਪਤਾ ਹੀ ਹੈ ਕਿ ਮਾਨਯੋਗ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਪੰਜਾਬ ਅਤੇ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਜੀ ਵੱਲੋਂ ਪਿਛਲੇ ਸਾਲ ਵਿਸ਼ੇਸ਼ ਉਪਰਾਲੇ ਕਰਕੇ ਸਮੁੱਚੇ ਪੰਜਾਬ ਵਿੱਚ ਲੱਗਭੱਗ 100 ਪ੍ਰਤੀਸ਼ਤ ਦਾਖਲੇ ਦਾ ਟੀਚਾ ਪ੍ਰਾਪਤ ਕੀਤਾ ਗਿਆ ਸੀ, ਉਸੇ ਨੂੰ ਮੁੱਖ ਰੱਖਦੇ ਹੋਏ ਇਸ ਵਾਰ ਅਸੀਂ ਹੇਠ ਲਿਖੇ ਅਨੁਸਾਰ ਕੰਮ ਦੀ ਵੰਡ ਕੀਤੀ ਹੈ:

1) ਕਾਲਜ ਦਾ ਹਰ ਸਟਾਫ ਮੈਂਬਰ ਘੱਟੋ-ਘੱਟ 4 ਵਿਦਿਆਰਥੀ ਦਾਖਲ ਕਰਵਾਏਗਾ। ਜੇਕਰ ਕੋਈ ਸਟਾਫ ਮੈਂਬਰ 4 ਤੋਂ ਜਿਆਦਾ ਵਿਦਿਆਰਥੀ ਦਾਖਲ ਕਰਵਾਉਂਦਾ ਹੈ ਤਾਂ ਉਸ ਦਾ ਉਚਿਤ ਸਨਮਾਨ (appreciation letter) ਕੀਤਾ ਜਾਵੇਗਾ। ਹਰ ਸਟਾਫ ਮੈਂਬਰ ਵੱਲੋਂ ਕੀਤੇ ਗਏ ਦਾਖਲਿਆਂ ਸੰਬੰਧੀ ਉਸ ਦੀ ਸਲਾਨਾ ਗੁਪਤ ਰਿਪੋਰਟ ਵਿੱਚ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਜਾਵੇਗਾ।
2) ਰੋਜ਼ਾਨਾ ਹਰ ਵਿਭਾਗ ਵਿਚੋਂ ਸੰਬੰਧੱਤ ਮੁਖੀ ਵਿਭਾਗ ਜਾਂ ਅਫਸਰ ਇੰਚਾਰਜ ਦੀ ਸਹਿਮਤੀ ਨਾਲ 2 ਸਟਾਫ ਮੈਂਬਰ ਦਾਖਲਾ ਇੰਚਾਰਜ ਦੀ ਅਗਵਾਈ ਵਿੱਚ ਦਾਖਲੇ ਲਈ ਕਾਲਜ ਦੀ ਬੱਸ ਰਾਹੀਂ ਪਿੰਡਾਂ ਵਿੱਚ ਜਾਣਗੇ।
3) ਪਿੰਡਾਂ ਵਿੱਚ ਟੀਮਾਂ ਭੇਜਣ ਅਤੇ ਨਿਗਰਾਨੀ ਦੀ ਜਿੰਮੇਵਾਰੀ ਸਮੂਹ ਵਿਭਾਗੀ ਮੁਖੀਆਂ ਅਤੇ ਅਫਸਰ ਇੰਚਾਰਜਾਂ ਦੀ ਹੋਵੇਗੀ।
4) ਕਾਲਜ ਦੇ ਰਿਸੈਪਸ਼ਨ ਏਰੀਏ ਵਿੱਚ ਸੋਮਵਾਰ ਤੋਂ ਹੈਲਪ ਡੈਸਕ ਲਗਾਇਆ ਜਾਵੇਗਾ, ਜਿਸ ਦਾ ਸੰਚਾਲਨ ਸੈਂਟਰਲ ਦਾਖਲਾ ਟੀਮ, ਦਰਜਾ ਚਾਰ ਮੁਲਜ਼ਮਾਂ ਅਤੇ ਹੋਰ ਸਟਾਫ ਦੀ ਸਹਾਇਤਾ ਨਾਲ ਕਰੇਗੀ।
5) ਜਿਸ ਦਿਨ ਕੋਈ ਸਟਾਫ ਮੈਂਬਰ ਦਾਖਲਾ ਲੈ ਕੇ ਆਉਂਦਾ ਹੈ ਤਾਂ ਸੈਂਟਰਲ ਦਾਖਲਾ ਟੀਮ ਵੱਲੋਂ ਉਸੇ ਦਿਨ ਸ਼ਾਮ ਨੂੰ ਇਸ ਸੰਬੰਧੀ ਜਾਣਕਾਰੀ ਕਾਲਜ ਦੇ ਆਫਿਸ਼ੀਅਲ ਗਰੁੱਪ ਵਿੱਚ ਪੋਸਟ ਕੀਤੀ ਜਾਵੇਗੀ। ਸਟਾਫ ਮੈਂਬਰ ਯਕੀਨੀ ਬਣਾਉਣ ਕਿ ਜਿਸ ਵੀ ਵਿਦਿਆਰਥੀ ਨੂੰ ਦਾਖਲੇ ਲਈ ਲੈ ਕੇ ਆਉਣਾ ਹੈ, ਉਸ ਦੇ ਦਸਤਾਵੇਜ਼ ਪੂਰੇ ਕਰਨ ਦੀ ਜਿੰਮੇਵਾਰੀ ਸੰਬੰਧਤ ਸਟਾਫ ਮੈਂਬਰ ਦੀ ਹੋਵੇਗੀ।
6) ਆਨਲਾਈਨ ਰਜਿਸਟਰੇਸ਼ਨ, ਦਾਖਲਾ ਕਰਨ ਜਾਂ ਫਲੈਕਸ ਆਦਿ ਬਣਾਉਣ ਦੀ ਜਿੰਮੇਵਾਰੀ ਸੈਂਟਰਲ ਦਾਖਲਾ ਟੀਮ ਦੀ ਹੋਵੇਗੀ। ਇਸ ਵਿੱਚ ਸਟੋਰ ਕੀਪਰ ਵੀ ਯੋਗ ਭੂਮਿਕਾ ਨਿਭਾਵੇਗਾ।
7) ਜੇਕਰ ਕਿਸੇ ਵਿਭਾਗ ਵਿੱਚ ਦਾਖਲਾ 100 ਪ੍ਰਤੀਸ਼ਤ ਨਹੀਂ ਹੁੰਦਾ ਤਾਂ ਉਸ ਲਈ ਸੰਬੰਧਤ ਵਿਭਾਗ ਦਾ ਮੁਖੀ ਜਾਂ ਅਫਸਰ ਇੰਚਾਰਜ ਜਿੰਮੇਵਾਰ ਹੋਵੇਗਾ।

ਇਹਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਪ੍ਰਿੰਸੀਪਲ,
ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਸ.ਬ.ਕਾਲਜ
ਰਾਣਵਾ (ਫ.ਗ.ਸ)

ਪਿੱਠ ਅੰਕਣ ਨੰ: 643 ਮਿਤੀ: 12/5/21

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1-4 ਮੁਖੀ ਵਿਭਾਗ, ਅਪਲਾਇਡ ਸਾਇੰਸ/ਈ.ਸੀ.ਈ/ਅਫਸਰ ਇੰਚਾਰਜ, ਮਸ਼ੀਨੀ/ਵਰਕਸ਼ਾਪ

5-6. ਦਾਖਲਾ ਇੰਚਾਰਜ/ਵਿਦਿਆਰਥੀ ਕਲਰਕ

ਪ੍ਰਿੰਸੀਪਲ,
ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਸ.ਬ.ਕਾਲਜ
ਰਾਣਵਾ (ਫ.ਗ.ਸ)